**ਸਾਰਸ (SARS)**
**ਏਅਰ ਫਲਾਈਟ ਅਟੈਨਡੈਂਟਾਂ ਲਈ ਸੰਦੇਸ਼**
**(ਆਉਣ ਵਾਲੀਆਂ ਅੰਤਰਰਾਸ਼ਟਰੀ ਉਡਾਨਾਂ ਲਈ)**

ਯਾਤਰੀ ਕਿਰਪਾ ਕਰਕੇ ਧਿਆਨ ਦੇਣ!

'ਸਿਵੀਅਰ ਐਕਯੂਟ ਰੈਸਪੀਰੇਟਰੀ ਸਿੰਡਰੋਮ' ਅਰਥਾਤ 'ਸਾਹ ਸਬੰਧਤ ਅਤਿਅੰਤ ਤੀਬਰ ਰੋਗ ਲੱਛਣ' ਜਾਂ 'ਸਾਰਸ' ਦੇ ਬਾਰੇ ਕਿਰਪਾ ਕਰਕੇ ਕੈਨੇਡਾ ਦੀ ਸਰਕਾਰ ਵਲੋਂ ਇਹ ਬਹੁਤ ਜ਼ਰੂਰੀ ਸੰਦੇਸ਼ ਸੁਣੋ।

ਤੁਹਾਨੂੰ 'ਸਾਰਸ' ਤਾਂ ਹੋ ਸਕਦਾ ਹੈ ਜੇ ਤੁਸੀਂ ਕਿਸੇ ਅਜੇਹੇ ਵਿਅਕਤੀ ਦੇ ਬਹੁਤ ਨਜ਼ਦੀਕੀ ਸੰਪਰਕ ਵਿਚ ਆਉਂਦੇ ਹੋ ਜਿਸਨੂੰ ਪਹਿਲਾਂ ਤੋਂ ਹੀ ਇਹ ਬਿਮਾਰੀ ਹੈ। 'ਸਾਰਸ' ਦਾ ਮੁੱਖ ਲੱਛਣ ਬੁਖਾਰ ਹੈ। ਇਸ ਦੇ ਨਾਲ ਨਾਲ ਸੁੱਕੀ ਖੰਘ, ਸਾਹ ਚੜ੍ਹਨਾ, ਠੰਡ ਲਗਣੀ, ਸਿਰ ਦਰਦ ਅਤੇ ਸਾਰੇ ਸਰੀਰ ਵਿਚ ਪੀੜ ਦਾ ਅਹਿਸਾਸ, ਜਿਵੇਂ ਫਲੂ ਵਿਚ ਹੁੰਦਾ ਹੈ, ਵਰਗੇ ਲੱਛਣ ਵੀ ਹੋ ਸਕਦੇ ਹਨ।

ਜੇ ਤੁਹਾਨੂੰ ਇਹਨਾਂ ਵਿਚੋਂ ਕੋਈ ਵੀ ਲੱਛਣ ਹੈ ਤਾਂ ਕਿਸੇ ਫਲਾਈਟ ਅਟੈਨਡੈਂਟ ਨੂੰ ਫੌਰਨ ਇਸ ਦੀ ਇਤਲਾਹ ਦਿਉ। ਜੇ ਇਹਨਾਂ ਵਿਚੋਂ ਕੋਈ ਲੱਛਣ ਘਰ ਵਿਚ ਜਾਂ ਸਫਰ ਦੇ ਦੌਰਾਨ ਮਹਿਸੂਸ ਹੁੰਦਾ ਹੈ ਤਾਂ ਫੌਰਨ ਆਪਣੇ ਡਾਕਟਰ ਨੂੰ ਸੰਪਰਕ ਕਰੋ ਜਾਂ, ਜਿੱਥੇ ਵੀ ਤੁਸੀਂ ਹੋਵੋ, ਉੱਥੋਂ ਦੇ ਲੋਕਲ ਪੱਬਲਿਕ ਸੇਹਤ ਅਧਿਕਾਰੀ ਨੂੰ ਸੰਪਰਕ ਕਰੋ।

ਹਾਲਾਂਕਿ 'ਸਾਰਸ' ਬਿਮਾਰੀ ਲੱਗਣ ਦੀ ਸੰਭਾਵਨਾ ਕਾਫੀ ਘੱਟ ਹੈ ਪਰ ਬਾਰ ਬਾਰ ਹੱਥ ਧੋਣ ਵਰਗੇ ਕੁਝ ਅਸਾਨ ਤਰੀਕਿਆਂ ਨਾਲ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਵਿਚ ਮਦਦ ਕੀਤੀ ਜਾ ਸਕਦੀ ਹੈ।

ਇਸ ਉਡਾਨ ਦੇ ਦੌਰਾਨ ਤੁਹਾਨੂੰ ਇਕ ਪੀਲੇ ਰੰਗ ਦਾ ਫਾਰਮ ਦਿੱਤਾ ਜਾਵੇਗਾ ਜਿਸ ਦਾ ਨਾਂ ਹੈ **"ਸੇਹਤ ਸਬੰਧਤ ਚੇਤਾਵਨੀ ਨੋਟਿਸ"**। ਇਸ ਵਿਚ 'ਸਾਰਸ' ਦੇ ਲੱਛਣ ਅਤੇ ਨਿਸ਼ਾਨੀਆਂ ਦੱਸੀਆਂ ਗਈਆਂ ਹਨ। ਇਸ ਫਾਰਮ ਵਿਚ ਤਿੰਨ ਸਵਾਲ ਪੁੱਛੇ ਗਏ ਹਨ ਜਿਨ੍ਹਾਂ ਦੇ ਜਵਾਬ ਦੇਣੇ ਜ਼ਰੂਰੀ ਹਨ। ਆਪਣੇ ਜਵਾਬ ਦੇ ਆਲੇ ਦੁਆਲੇ ਗੋਲਾ ਬਣਾਉ ਅਤੇ ਹਵਾਈ ਅੱਡੇ ਤੇ ਉਤਰਨ ਦੇ ਬਾਦ ਫਾਰਮ ਕਸਟਮ ਅਫਸਰ ਕੋਲ ਲਿਆਉ। ਕਸਟਮ ਅਫਸਰ ਤੁਹਾਡੇ ਭਰੇ ਹੋਏ ਫਾਰਮ ਦੀ ਜਾਂਚ ਕਰੇਗਾ। ਜੇ ਕਿਸੇ ਸਵਾਲ ਦੇ ਜਵਾਬ ਵਿਚ ਤੁਸੀਂ "ਹਾਂ" ਲਿੱਖਿਆ ਹੈ ਤਾਂ ਕਸਟਮ ਦੇ ਇਲਾਕੇ ਦੇ ਅੰਦਰ ਥੋੜੇ ਚਿਰ ਲਈ ਜਾਂਚ ਕੀਤੀ ਜਾਵੇਗੀ। ਇਸ ਫਾਰਮ ਨੂੰ ਬਾਦ ਵਿਚ ਵਰਤੋਂ ਲਈ ਜਾਂ ਲੋੜ ਪੈਣ ਤੇ ਡਾਕਟਰ ਨੂੰ ਵਿਖਾਉਣ ਲਈ ਸੰਭਾਲ ਕੇ ਰਖ ਲਉ।

ਇਹ ਜਾਣਕਾਰੀ '*ਫੈਡਰਲ ਕਾਰਨਟੀਨ ਐਕਟ*' ਦੇ ਅੰਤਰਗਤ ਤੁਹਾਡੇ ਕੋਲੋਂ ਮੰਗੀ ਜਾ ਰਹੀ ਹੈ।

ਕੈਨੇਡਾ ਸਰਕਾਰ ਇਸ ਬਿਮਾਰੀ ਨੂੰ ਸਮਝਣ ਅਤੇ ਰੋਕਣ ਦੀ ਪੂਰੀ ਕੋਸ਼ਸ਼ ਕਰ ਰਹੀ ਹੈ। ਜੇ ਤੁਹਾਨੂੰ 'ਸਾਰਸ' ਬਾਰੇ ਹੋਰ ਜਾਣਕਾਰੀ ਦੀ ਲੋੜ ਹੋਵੇ ਤਾਂ ਤੁਸੀਂ ਪੀਲੇ ਫਾਰਮ ਤੇ ਲਿੱਖੀ ਹੋਈ Health Canada SARS ਵੈਬਸਾਈਟ ਤੇ ਜਾ ਸਕਦੇ ਹੋ ਜਾਂ 1-800-465-8302 ਨੰਬਰ ਤੇ 'ਸਾਰਸ' ਜਾਣਕਾਰੀ ਲਾਈਨ ਨੂੰ ਫੋਨ ਕਰ ਸਕਦੇ ਹੋ।

ਤੁਹਾਡੇ ਸਹਿਯੋਗ ਲਈ ਅਸੀਂ ਤੁਹਾਡੇ ਬਹੁਤ ਧੰਨਵਾਦੀ ਹਾਂ।